ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ.ਨਗਰ।

(ਪ੍ਰਮੋਸ਼ਨ ਸੈੱਲ)

ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ (ਈ-539042/2023)/(ਪੀ-3) ਮਿਤੀ, 18.07.2025

ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ ਵਿਭਾਗ ਦੀ ਵੈੱਬ ਸਾਈਟ ਤੇ ਜਾਰੀ ਨੋਟਿਸ ਮਿਤੀ 02.06.2025 ਦੀ ਲਗਾਤਾਰਤਾ ਵਿੱਚ-

1. ਦਫਤਰ, ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਐਸ. ਏ. ਐਸ. ਨਗਰ ਪ੍ਰਮੋਸ਼ਨ ਸੈੱਲ ਵੱਲੋਂ ਮਿਤੀ 02-06-2025 ਨੂੰ ਜਾਰੀ ਕੀਤੇ ਗਏ ਦਫਤਰੀ ਕਾਰਜ ਲਈ ਨੋਟਿਸ ਨੰਬਰ (ਈ-539042/2023) (ਪੀ -3) ਅਨੁਸਾਰ ਪ੍ਰਾਈਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ ਉੱਨਤੀਆਂ ਸਬੰਧੀ ਸੂਚਨਾ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ (ਐਲੀਮੈਂਟਰੀ) ਰਾਹੀਂ ਸੰਕਲਿਤ ਰੂਪ ਵਿੱਚ ਮੰਗੀ ਗਈ ਸੀ।

2. ਸਮੂਹ ਜਿਲਿਆਂ ਦੇ ਦਫ਼ਤਰਾਂ ਤੋਂ ਪ੍ਰਾਪਤ ਸੂਚਨਾਂ ਦੇ ਆਧਾਰ ਤੇ ਪ੍ਰਾਇਮਰੀ ਕਾਡਰ ਵਿਚੋਂ ਜੇ.ਬੀ.ਟੀ. / ਈ.ਟੀ.ਟੀ. ਕਾਡਰ ਦੀ ਸਾਂਝੀ ਇੰਟਰਸੇ ਸੀਨੀਆਰਤਾ ਤਿਆਰ ਕੀਤੀ ਗਈ ਹੈ।

(i) ਇਹ ਇੰਟਰਸੇ ਸੀਨਿਆਰਤਾ ਸਬੰਧਤ ਸੇਵਾ ਨਿਯਮਾਂ ਅਨੁਸਾਰ ਭਰਤੀ ਦੇ ਬੈਚ ਵਾਈਜ਼ ਮੈਰਿਟ ਅੰਕ ਅਨੁਸਾਰ ਤਿਆਰ ਕੀਤੀ ਗਈ ਹੈ। 'ਬੈਚ' ਦੇ ਨਿਰਧਾਰਨ ਲਈ ਇਸ਼ਤਿਹਾਰ ਦੀ ਮਿਤੀ ਨੂੰ ਹੀ ਆਧਾਰ ਮੰਨਿਆ ਗਿਆ ਹੈ ਅਰਥਾਤ ਇੱਕ ਹੀ ਇਸ਼ਤਿਹਾਰ ਅਧੀਨ ਨਿਰਧਾਰਿਤ ਸਮੇਂ ਅੰਦਰ ਜੁਆਇਨ ਕਰਨ ਵਾਲੇ ਸਾਰੇ ਹੀ ਉਮੀਦਵਾਰਾਂ ਨੂੰ ਇੱਕ ਬੈਚ ਮੰਨਿਆ ਗਿਆ ਹੈ। ਇੱਕ ਬੈਚ ਦੇ ਨਿਰਧਾਰਨ ਲਈ ਭਰਤੀ ਦੇ ਇਸ਼ਤਿਹਾਰ ਦੀ ਮਿਤੀ ਇੱਕ ਹੀ ਹੋਣੀ ਚਾਹੀਦੀ ਹੈ ਜਦਕਿ ਜੁਆਇਨਿੰਗ ਦੀ ਮਿਤੀ ਵੱਖ ਵੱਖ ਹੋ ਸਕਦੀ ਹੈ ਬਸ਼ਰਤੇ ਕਿ ਨਿਯੁਕਤੀ ਪੱਤਰ ਵਿੱਚ ਦਰਸਾਏ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਉਮੀਦਵਾਰ ਨੇ ਜੁਆਇਨ ਕੀਤਾ ਹੋਵੇ। ਵਿਭਾਗ ਵੱਲੋਂ ਪਹਿਲਾਂ ਵੀ ਇਸੇ ਆਧਾਰ ਤੇ ਸੀਨਿਆਰਤਾ ਤਿਆਰ ਕਰਨ ਲਈ ਇਹ ਮਾਪਦੰਡ ਅਪਣਾਏ ਜਾਂਦੇ ਰਹੇ ਹਨ।

(ii) ਜ਼ਿਲਾ ਪਰਿਸ਼ਦ ਅਧੀਨ ਨਿਯੁਕਤ ਕਰਮਚਾਰੀ ਜੋ ਕਿ ਸਾਲ 2011 ਅਤੇ 2014 ਵਿੱਚ ਸਿੱਖਿਆ ਵਿਭਾਗ ਵਿੱਚ ਮਰਜ ਹੋਏ ਹਨ, ਉਹਨਾਂ ਦੀ ਇੰਟਰਸੇ ਸੀਨੀਆਰਤਾ, ਦਫਤਰ, ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਦੇ ਪੱਤਰ/ ਮਿਤੀ 15.01.2019 ਦੀ ਰੌਸ਼ਨੀ ਵਿੱਚ ਤਿਆਰ ਕੀਤੀ ਗਈ ਹੈ। ਕਿਉਂ ਜੋ ਜ਼ਿਲ੍ਹਾ ਪਰਿਸ਼ਦ ਅਧੀਨ ਸਾਲ 2006-07 ਦੌਰਾਨ 3 ਵੱਖ-ਵੱਖ ਵਿਗਿਆਪਨਾਂ ਰਾਹੀਂ ਨਿਯੁਕਤੀਆਂ ਹੋਈਆਂ ਸਨ। ਇਸ ਲਈ ਜਿਲਾ ਪਰਿਸ਼ਦ ਦੇ ਅਧਿਆਪਕਾਂ ਦੀ ਸੀਨਿਆਰਤਾ 2011 ਅਤੇ 2014 ਵਿੱਚ ਵੱਖੋ ਵੱਖਰੇ ਤੌਰ ਤੇ ਇਹਨਾਂ ਤਿੰਨਾਂ ਵਿਗਿਆਪਨਾਂ ਅਨੁਸਾਰ ਹੀ ਤਿਆਰ ਕੀਤੀ ਗਈ ਹੈ।

(iii) ਇਸ ਦਫ਼ਤਰ ਵੱਲੋਂ ਦਿੱਤੀ ਗਈ ਮੇਲ ਆਈ.ਡੀ. databackup.promotions2024 @gmail.com ਤੇ ਪ੍ਰਾਪਤ ਇਤਾਰਜਾਂ ਨੂੰ ਵਿਚਾਰਨ ਉਪਰੰਤ ਇਹ ਇੰਟਰਸੇ ਸੀਨੀਆਰਤਾ ਤਿਆਰ ਕੀਤੀ ਗਈ ਹੈ। ਇਤਰਾਜਾਂ ਅਧੀਨ ਮੁੱਖ ਤੌਰ ਤੇ ਸਿਵਲ ਰਿੱਟ ਪਟੀਸ਼ਨ ਨੰਬਰ 12723 ਆਫ 2016 ਸਮੇਤ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਦਿੱਤੇ ਗਏ ਫੈਸਲੇ ਮਿਤੀ 28.05.2020 ਦੇ ਆਧਾਰ ਤੇ ਇਤਰਜ਼ਕਰਤਾਵਾਂ ਵੱਲੋਂ ਮਿਤੀ 07.10.2014 ਨੂੰ ਜਿਲ੍ਹਾ ਪ੍ਰੀਸ਼ਦ ਤੋਂ ਸਿੱਖਿਆ ਵਿਭਾਗ ਵਿੱਚ ਹਾਜਰ ਹੋਏ ਕਰਮਚਾਰੀਆਂ ਦੇ ਵਿਗਿਆਪਨ ਅਨੁਸਾਰ ਬੈਚ ਨੂੰ ਤੋੜ ਕੇ ਇੱਕ ਬੈਚ ਤਿਆਰ ਕਰਨ ਸਬੰਧੀ ਲਿਖਿਆ ਗਿਆ ਹੈ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਉਕਤ ਵਰਣਿਤ ਰਿੱਟ ਪਟੀਸ਼ਨ ਦੇ

ਫੈਸਲੇ ਵਿੱਚ ਅਜਿਹਾ ਕੋਈ ਆਦੇਸ਼ ਨਹੀਂ ਹੋਇਆ, ਉਕਤ ਪਟੀਸ਼ਨ ਮੁੱਖ ਤੌਰ ਤੇ ਟੀਚਿੰਗ ਫੈਲੋਜ਼ (2011) ਬਨਾਮ ਜਿਲਾ ਪਰਿਸ਼ਦ (2014) ਅਧਿਆਪਕਾਂ ਦੀ ਆਪਸੀ ਸੀਨਿਆਰਤਾ ਸਬੰਧੀ ਸੀ, ਇਸ ਦਾ ਜ਼ਿਲ੍ਹਾ ਪਰਿਸ਼ਦ ਅਧਿਆਪਕਾਂ ਦੀ ਆਪਸੀ ਇੰਟਰਸੇ ਸੀਨੀਆਰਤਾ ਨਾਲ ਕੋਈ ਸੰਬੰਧ ਨਹੀਂ ਹੈ।ਇਸ ਲਈ ਤੈਅ ਮਾਪਦੰਡਾਂ ਅਧੀਨ ਹੀ ਇੰਟਰਸੇ ਸੀਨੀਆਰਤਾ ਬੈਚ ਵਾਈਜ ਮੈਰਿਟ ਅਨੁਸਾਰ ਤਿਆਰ ਕੀਤੀ ਗਈ ਹੈ।

(iv)ਉਕਤ ਤੋਂ ਇਲਾਵਾ ਇਹ ਇਤਰਾਜ਼ ਵੀ ਸਾਹਮਣੇ ਆਇਆ ਹੈ ਕਿ ਸਾਲ 2000 ਵਿੱਚ ਪ੍ਰਾਇਮਰੀ ਕਾਡਰ ਦੀਆਂ 7230 ਆਸਾਮੀਆਂ ਲਈ ਜਾਰੀ ਇਸ਼ਤਿਹਾਰ ਵਿੱਚ ਈ.ਟੀ.ਟੀ. ਟੀਚਰਾਂ ਨੂੰ ਪਹਿਲ ਦਿੱਤੀ ਗਈ ਅਤੇ ਬੀ.ਐੱਡ ਟੀਚਰਾਂ ਨੂੰ ਬਾਅਦ ਵਿੱਚ ਨਿਯੁਕਤ ਕੀਤਾ ਗਿਆ, ਇਸ ਲਈ ਬੀ.ਐੱਡ. ਪ੍ਰਾਇਮਰੀ ਟੀਚਰਾਂ ਨੂੰ ਮੈਰਿਟ ਵੱਧ ਹੋਣ ਦੇ ਬਾਵਜੂਦ ਵੀ 7230 ਆਸਾਮੀਆਂ ਦੇ ਬੈਚ ਵਿੱਚ ਈ.ਟੀ.ਟੀ. ਟੀਚਰਾਂ ਤੋਂ ਹੇਠਾਂ ਲਗਾਇਆ ਜਾਵੇ। ਇਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ 7230 ਅਸਾਮੀਆਂ ਦੇ ਇਸ਼ਤਿਹਾਰ ਵਿੱਚ ਅਤੇ ਉਸ ਅਧੀਨ ਜਾਰੀ ਕੀਤੇ ਗਏ ਨਿਯੁਕਤੀ ਪੱਤਰਾਂ ਵਿੱਚ ਅਜਿਹਾ ਕੋਈ ਉਪਬੰਧ ਦਰਜ ਨਹੀਂ ਹੈ ਅਤੇ ਕਿਉਂ ਜੋ ਇਹ ਸਾਰੇ ਈਟੀਟੀ ਅਤੇ ਬੀਐਡ ਅਧਿਆਪਕ ਇਕੋ ਹੀ ਇਸ਼ਤਿਹਾਰ ਅਧੀਨ ਨਿਯੁਕਤ ਹੋਏ ਸਨ ਤਾਂ ਇਹਨਾਂ ਨੂੰ ਇੱਕ ਹੀ ਬੈਚ ਮੰਨਿਆ ਗਿਆ ਹੈ।

3. ਉਕਤ ਸਥਿਤੀ ਦੇ ਸਨਮੁੱਖ ਵੱਖ-ਵੱਖ ਜਿਲਿਆਂ ਤੋਂ ਪ੍ਰਾਪਤ ਸੂਚਨਾਂ ਦੇ ਆਧਾਰ ਤੇ ਤਿਆਰ ਕੀਤੀ ਗਈ ਆਰਜੀ ਇੰਟਰਸੇ ਸੀਨੀਆਰਤਾ ਇਸ ਨੋਟਿਸ ਨਾਲ ਨੱਥੀ ਕਰਕੇ, ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ ਪੰਜ ਦਿਨਾਂ ਦੇ ਅੰਦਰ-ਅੰਦਰ ਇਤਰਾਜਾਂ ਦੀ ਮੰਗ ਕੀਤੀ ਜਾਂਦੀ ਹੈ। ਹਰੇਕ ਕਰਮਚਾਰੀ ਆਪਣਾ ਇਤਰਾਜ਼ ਸਬੰਧਤ ਜਿਲੇ ਦੇ ਸਿੱਖਿਆ ਦਫ਼ਤਰ (ਐਲੀਮੈਂਟਰੀ) ਨੂੰ ਜਮਾਂ ਕਰਵਾਏਗਾ ਅਤੇ ਸਬੰਧਤ ਜਿਲੇ ਦੇ ਦਫ਼ਤਰ ਵੱਲੋਂ ਇਹ ਇਤਰਾਜ, ਸੰਕਲਿਤ ਰੂਪ ਵਿੱਚ, ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ-2 ਇਸ ਦਫ਼ਤਰ ਦੀ ਮੇਲ ਆਈ.ਡੀ. databackup.promotions2024 @gmail.com ਤੇ ਭੇਜੇ ਜਾਣਗੇ।

ਇਸ ਨੋਟਿਸ ਦੇ ਨਾਲ ਅਧੂਰੇ ਡਾਟੇ / ਗਲਤ ਡਾਟੇ ਨਾਲ ਪ੍ਰਾਪਤ ਸੂਚਨਾਂ ਵੱਖਰੇ ਤੌਰ ਤੇ ਭੇਜੀ ਜਾਂਦੀ ਹੈ। ਇਸ ਵਿੱਚ ਦਰਜ ਕਰਮਚਾਰੀ ਆਪਣੇ ਵੇਰਵੇ ਸਹੀ ਕਰਕੇ / ਮੁਕੰਮਲ ਕਰਕੇ ਭੇਜਣਗੇ, ਉਕਤ ਨਿਰਧਾਰਿਤ ਸਮੇਂ ਅਤੇ ਵਿਧੀ ਰਾਹੀਂ ਭੇਜਣਗੇ।

5. ਕਿਸੇ ਵੀ ਕਰਮਚਾਰੀ ਦੁਆਰਾ ਆਪਣਾ ਇਤਰਾਜ਼ ਉਕਤ ਈਮੇਲ ਆਈਡੀ ਤੇ ਵਿਅਕਤੀਗਤ ਰੂਪ ਵਿਚ ਨਾ ਭੇਜਿਆ ਜਾਵੇ। ਅਜਿਹੀ ਕਿਸੇ ਵੀ ਮੇਲ ਤੇ ਕੋਈ ਵੀ ਵਿਚਾਰ ਨਹੀਂ ਕੀਤਾ ਜਾਵੇਗਾ। ਸਬੰਧਤ ਕਰਮਚਾਰੀ ਆਪਣੇ ਇਤਰਾਜ਼ ਆਪਣੇ ਜ਼ਿਲਾ ਸਿੱਖਿਆ ਅਫਸਰ (ਐਲੀਮੈਂਟਰੀ) ਰਾਹੀਂ ਨਿਰਧਾਰਿਤ ਸਮੇਂ ਅੰਦਰ ਭੇਜਣਾ ਯਕੀਨੀ ਬਣਾਉਣ।

ਨੋਟ- ਇਸ ਦਫ਼ਤਰ ਵੱਲੋਂ ਵਿਭਾਗ ਦੀ ਵੈੱਬਸਾਈਟ ਤੇ ਨੋਟਿਸ / ਮਿਤੀ 25.03.25 ਰਾਹੀਂ ਜਾਰੀ ਇੰਟਰਸੇ ਸੀਨੀਆਰਤਾ ਵਿੱਚ ਜਿੰਨਾਂ ਕਰਮਚਾਰੀਆਂ ਦਾ ਨਾਮ / ਵੇਰਵੇ ਦਰਜ ਹਨ, ਅਤੇ ਉਨਾਂ ਦਾ ਨਾਮ / ਵੇਰਵੇ ਇਸ ਇੰਟਰਸੇ ਵਿੱਚ ਦਰਜ ਨਹੀਂ ਹਨ, ਉਨਾਂ ਦੇ ਵੇਰਵੇ ਪਹਿਲਾਂ ਜਾਰੀ ਇੰਟਰਸੇ ਸੀਨੀਆਰਤਾ ਵਿਚੋਂ ਲੈ ਕੇ ਇੰਟਰਸੇ ਸੀਨੀਆਰਤਾ ਨੂੰ ਮੁਕੰਮਲ ਰੂਪ ਦਿੱਤਾ ਜਾਵੇਗਾ। ਐਚ.ਟੀ. ਅਤੇ ਸੀ.ਐੱਚ.ਟੀ. ਕਰਮਚਾਰੀਆਂ ਦੀ ਇੰਟਰਸੇ ਸੀਨੀਆਰਤਾ ਵੱਖਰੇ ਤੌਰ ਤੇ ਤਿਆਰ ਕੀਤੀ ਜਾ ਰਹੀ ਹੈ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)